# ਪੰਜਾਬ ਸਕੂਲ ਸਿੱਖਿਆ ਬੋਰਡ

2024109023

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਨੰ.ਪਸਸਬ/ਸਕਾਲਰਸ਼ਿਪ/ 2081-91

ਮਿਤੀ 27-8-2024

ਵੱਲ.

1. ਸਮੂਹ ਜਿਲ੍ਹਾ ਸਿੱਖਿਆ ਅਫਸਰ
2. ਸਮੂਹ ਜਿਲ੍ਹਾ ਮੈਨੇਜਰ,ਖੇਤਰੀ ਦਫਤਰ

ਵਿਸ਼ਾ:- ਰਾਜ ਯੋਗਤਾ ਵਜੀਫਾ ਸਕੀਮ ਸਟੇਟ ਸਕਾਲਰਸ਼ਿਪ ਸਕੀਮ ਅਧੀਨ ਮਾਰਚ 2024 ਦੇ ਵਜੀਫਾ ਫਾਰਮ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪਣੇ ਅਧੀਨ ਆਉਂਦੇ ਸਮੂਹ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਅਤੇ ਪ੍ਰਿੰਸੀਪਲਜ਼ ਨੂੰ ਜਾਣੂ ਕਰਵਾਇਆ ਜਾਵੇ ਕਿ ਬਾਰ੍ਹਵੀਂ ਪ੍ਰੀਖਿਆ ਮਾਰਚ 2024 ਵਿੱਚ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਕਾਲਰਸ਼ਿਪ ਦਾ ਲਾਭ ਲੈਣ ਲਈ ਨਿਰਧਾਰਿਤ ਫਾਰਮ/ਹਦਾਇਤਾਂ ਬੋਰਡ ਦੀ ਵੈਬ ਸਾਈਟ www.pseb.ac.in/en ਤੋਂ ਡਾਊਨ ਲੋਡ ਕਰਕੇ ਫਾਰਮ ਹਰ ਪੱਖੋਂ ਮੁਕੰਮਲ ਕਰਨ/ਤਸਦੀਕ ਕਰਵਾਉਣ ਉਪਰੰਤ ਇਸ ਫਾਰਮ ਦੀ ਹਾਰਡ ਕਾਪੀ ਮੁੱਖ ਦਫਤਰ ਸੁਪਰਡੰਟ (ਸਕਾਲਰਸ਼ਿਪ) ਬੀ-ਬਲਾਕ ਪਹਿਲੀ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ.ਨਗਰ (160062) ਨੂੰ ਮਿਤੀ 14-11-2024 ਤੱਕ ਦਸਤੀ ਜਾਂ ਡਾਕ ਰਾਹੀਂ ਭੇਜੇ ਜਾਣ।

ਜਰੂਰੀ ਨੋਟ: ਦਫਤਰ ਵੱਲੋਂ ਡਾਕ ਰਾਹੀ ਵੱਖਰੇ ਤੌਰ ਤੇ ਸਟੇਟ ਸਕਾਲਰਸ਼ਿਪ ਫਾਰਮ ਨਹੀਂ ਭੇਜੇ ਜਾਣਗੇ ।

ਸੁਪਰਡੰਟ (ਸਕਾਲਰਸ਼ਿਪ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ ।

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ-ਸਿ) ਫ਼ਰੀਦਕੋਟ
ਪਿੱਠ ਅੰਕਣ ਨੰ ਸ-6/ 2024/ 2653 ਮਿਤੀ 30/08/24

ਉਪਰੋਕਤ ਅਨੁਸਾਰ ~~ਪੱਤਰ ਦੀਆਂ~~ ਵਿਸ਼ੇ ਦੇ ਅਧੀਨ ਇਹ ਸਮੂਹ ਸਕੂਲ ਮੁਖੀਆਂ ਨੂੰ ਭਿਜਵਾਇਆ ਜਾਂਦਾ ਹੈ ਕਿ ਪੱਤਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ-ਸਿ)
ਫ਼ਰੀਦਕੋਟ
30/8/24

# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜਾਦਾ ਅਜੀਤ ਸਿੰਘ ਨਗਰ-160062

(ਵਜੀਫਾ ਸ਼ਾਖਾ)

**ਵਿਸ਼ਾ:-** ਰਾਜ ਯੋਗਤਾ ਵਜੀਫਾ ਸਕੀਮ ਸਟੇਟ ਸਕਾਲਰਸ਼ਿਪ ਸਕੀਮ ਅਧੀਨ ਸਾਲ 2024 ਦੀਆਂ ਹਦਾਇਤਾਂ ਅਤੇ ਵਜੀਫਾ ਫਾਰਮ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡਾਇਰੈਕਟਰ,ਸਿੱਖਿਆ ਵਿਭਾਗ (ਕਾਲਜਾਂ) ਪੰਜਾਬ,ਐਸ.ਏ.ਐਸ.ਨਗਰ ਦੇ ਪੱਤਰ ਨੰ. 8/3-2011/ਸਕ3(2)/198 ਮਿਤੀ 11/05/2021 ਦੀਆਂ ਹਦਾਇਤਾਂ ਦੀ ਲੋਅ ਵਿੱਚ ਆਪ ਜੀ ਦੇ ਅਧੀਨ ਆਉਂਦੇ ਕਾਲਜਾਂ ਤੋਂ ਸਟੇਟ ਮੈਰਿਟ ਸਕਾਲਰਸ਼ਿਪ ਸਕੀਮ ਅਧੀਨ ਸਾਲ 2024 ਵਿੱਚ ਜਿਹੜੇ ਵਿਦਿਆਰਥੀਆਂ ਨੂੰ ਇਸ ਸਕੀਮ ਅਧੀਨ ਵਜੀਫਾ ਦਿੱਤਾ ਜਾਣਾ ਹੈ, ਉਹਨਾਂ ਦੇ ਫਾਰਮ ਹਰ ਪੱਖੋਂ ਮੁਕੰਮਲ ਕਰਕੇ ਭੇਜੇ ਜਾਣ। ਵਿਦਿਆਰਥੀਆਂ ਦੇ ਫਾਰਮ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਹੇਠ ਲਿਖੇ ਦਸਤਾਵੇਜ਼ ਇਨ੍ਹਾਂ ਫਾਰਮਾਂ ਨਾਲ ਅਟੈਚ ਕਰਕੇ ਮਿਤੀ 14-11-2024 ਤੱਕ ਭੇਜੇ ਜਾਣ।

## ਸਟੇਟ ਵਜੀਫੇ ਸਬੰਧੀ ਹਦਾਇਤਾਂ:-

1. ਫਾਰਮ ਭਰਨ ਤੋਂ ਪਹਿਲਾਂ ਸਟੇਟ ਵਜੀਫਾ ਫਾਰਮ ਦੇ ਪੇਜ ਨੰਬਰ 3-4 ਤੇ ਦਰਸਾਈਆਂ ਹਦਾਇਤਾਂ ਨੂੰ ਜਰੂਰ ਪੜ੍ਹਿਆ ਜਾਵੇ।
2. ਬਾਰ੍ਹਵੀਂ ਪਾਸ ਦੀ ਤਸਦੀਕ ਸ਼ੁਦਾ ਕਾਪੀ ਅਤੇ ਲਾਭ ਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦੀ ਅਦਾਇਗੀ ਪਾਤਰੀਆਂ ਦੇ ਚੱਲਦੇ ਬੈਂਕ ਖਾਤੇ ਦੀ ਪਾਸ ਬੁਕ ਦੀ ਫੋਟੋ ਕਾਪੀ ਸਬੰਧਤ ਪ੍ਰਿੰਸੀਪਲ ਵੱਲੋਂ ਤਸਦੀਕ ਕਰਵਾ ਕੇ ਫਾਰਮ ਨਾਲ ਲਗਾ ਕੇ ਭੇਜੀ ਜਾਵੇ। ਬੈਂਕ ਖਾਤਾ ਬੰਦ ਹੋਣ ਦੀ ਸੂਰਤ ਵਿੱਚ ਸਮੂਹ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਦੀ ਹੋਵੇਗੀ।
3. Professional Course ਕਰਨ ਵਾਲੇ ਵਿਦਿਆਰਥੀ ਇਸ ਵਜੀਫੇ ਲਈ ਯੋਗ ਨਹੀ ਹੋਣਗੇ। ਜੇਕਰ ਵਿਦਿਆਰਥੀ ਕੋਈ ਹੋਰ ਵਜੀਫਾ ਸਕੀਮ ਦਾ ਲਾਭ ਲੈ ਰਿਹਾ ਹੈ ਤਾਂ ਉਹੋ ਸਟੇਟ ਵਜੀਫੇ ਲਈ ਹੱਕਦਾਰ ਨਹੀਂ ਹੋਵੇਗਾ, ਇੱਕ ਹੀ ਵਜੀਫੇ ਦਾ ਹੱਕਦਾਰ ਹੋਵੇਗਾ।
4. ਫਾਰਮ ਵਿੱਚ ਆਪਣਾ ਮੋਬਾਇਲ ਨੰਬਰ,ਈ-ਮੇਲ ਆਈ.ਡੀ. ਅਤੇ ਆਧਾਰ ਕਾਰਡ ਜਰੂਰ ਭਰਿਆ ਜਾਵੇ।

ਉਪਰੋਕਤ ਦਸਤਾਵੇਜ਼ ਦੇ ਬਗੈਰ ਮੈਰਿਟ ਸਕਾਲਰਸ਼ਿਪ ਸਕੀਮ ਅਧੀਨ ਕਲੇਮ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਅਧੂਰਾ ਫਾਰਮ ਭੇਜਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਦੀ ਹੋਵੇਗੀ।

**ਨੋਟ:-** ਸਟੇਟ ਵਜੀਫੇ ਸਬੰਧੀ ਫਾਰਮ ਬੋਰਡ ਦੀ ਵੈਬ-ਸਾਈਟ (www.pseb.ac.in/en) ਤੇ ਉਪਲੱਭਧ ਹਨ।

ਸੁਪਰਡੰਟ (ਸਕਾਲਰਸ਼ਿਪ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ